# ਪੰਜਾਬ ਵਿਧਾਨ ਸਭਾ

## ਬਾਰ੍ਹਵਾਂ (ਬਜਟ) ਸਮਾਗਮ

## ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ

## 11 ਮਾਰਚ 2026

----

ਕੁੱਲ ਪ੍ਰਸ਼ਨ - 6

----

### ਹਲਕਾ ਜਲਾਲਾਬਾਦ ਦੀਆਂ ਮੰਡੀ ਬੋਰਡ ਅਧੀਨ ਸੜਕਾਂ ਦੇ ਵੇਰਵੇ

615 **ਸ਼੍ਰੀ ਜਗਦੀਪ ਕੰਬੋਜ਼ ਗੋਲਡੀ ( ਜਲਾਲਾਬਾਦ):**

**ਖੇਤੀਬਾੜੀ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ :=** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 1 ਜਨਵਰੀ 2009 ਤੋਂ 31 ਦਸੰਬਰ 2021 ਤੱਕ ਹਲਕਾ ਜਲਾਲਾਬਾਦ ਵਿੱਚ ਮੰਡੀ ਬੋਰਡ ਅਧੀਨ ਕੁੱਲ ਕਿੰਨੀਆਂ ਸੜਕਾਂ ਦਾ ਨਿਰਮਾਣ ਹੋਇਆ ਹੈ; ਵੇਰਵੇ ਸਹਿਤ ਦਸਿਆ ਜਾਵੇ?

----

### ਹਲਕਾ ਜਲਾਲਾਬਾਦ ਦੀਆਂ ਲੋਕ ਨਿਰਮਾਣ ਅਧੀਨ ਸੜਕਾਂ ਦੇ ਵੇਰਵੇ

616 **ਸ਼੍ਰੀ ਜਗਦੀਪ ਕੰਬੋਜ਼ ਗੋਲਡੀ ( ਜਲਾਲਾਬਾਦ):**

**ਲੋਕ ਨਿਰਮਾਣ :=** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 1 ਜਨਵਰੀ 2009 ਤੋਂ 31 ਦਸੰਬਰ 2021 ਤੱਕ ਜਲਾਲਾਬਾਦ ਵਿੱਚ ਲੋਕ ਨਿਰਮਾਣ ਵਿਭਾਗ ਅਧੀਨ ਕੁੱਲ ਕਿੰਨੀਆਂ ਸੜਕਾਂ ਦਾ ਨਿਰਮਾਣ ਹੋਇਆ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

### ਜੇ.ਬੀ.ਆਰ. ਦਾ ਟੇਕਨੀਕਲ ਸ਼ੀਟ ਬਣਾ ਕੇ ਆਡਿਟ ਕਰਵਾਉਣਾ

617 **ਸ਼੍ਰੀਮਤੀ ਰਾਜਿੰਦਰ ਪਾਲ ਕੌਰ (ਲੁਧਿਆਣਾ ਦੱਖਣੀ):**

**ਸਥਾਨਕ ਸਰਕਾਰਾਂ, ਉਦਯੋਗ ਤੇ ਵਣਜ, ਨਿਵੇਸ਼ ਪ੍ਰਮੋਸ਼ਨ ਵਿਭਾਗ, ਬਿਜਲੀ :-**

ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਇਹ ਠੀਕ ਹੈ ਕਿ ਦੱਖਣੀ ਲੁਧਿਆਣਾ ਵਿੱਚ ਕਾਫ਼ੀ ਇੰਡਸਟਰੀਅਲ ਏਰੀਆ ਪੈਂਦਾ ਹੈ, ਜਿਸ ਵਿੱਚ ਬਹੁਤ ਇਲੈਕਟ੍ਰੋਪਲੇਟਿੰਗ ਯੂਨਿਟ ਹਨ ਜੋ ਆਪਣਾ ਸਾਰਾ ਇੰਡਸਟਰੀਅਲ ਪਾਣੀ ਇੱਕ ਜੇ.ਬੀ.ਆਰ. ਪ੍ਰਾਈਵੇਟ ਲਿਮਿਟਡ ਨਾਮ ਦੀ ਫਰਮ (ਲੁਧਿਆਣਾ ਵਿਖੇ ਸਥਿਤ) ਨੂੰ ਇੱਕ ਟੈਂਕਰ ਰਾਹੀਂ ਲਿਫ਼ਟ ਕਰਵਾਉਂਦੀਆਂ ਹਨ ਅਤੇ ਜੇ.ਬੀ.ਆਰ. ਮੁਤਾਬਿਕ ਇਹ ਸਾਰਾ ਪਾਣੀ ਉਹ ਟਰੀਟ ਕਰਕੇ ਅੱਗੇ ਪਾਣੀ ਦੀ ਵਰਤੋਂ ਵਾਲੀਆਂ ਇੰਡਸਟਰੀਆਂ ਨੂੰ ਦਿੰਦੀ ਹੈ;

ਅ) ਕੀ ਇਹ ਵੀ ਠੀਕ ਹੈ ਕਿ ਕੁੱਝ ਇੰਡਸਟਰੀ ਮਾਲਕ ਜੇ.ਬੀ.ਆਰ. ਦੀ ਆੜ ਵਿੱਚ ਰਾਤ ਸਮੇਂ ਇਹ ਪਾਣੀ ਸੀਵਰੇਜ ਵਿੱਚ ਸੁੱਟ ਦਿੰਦੀਆਂ ਹਨ ਅਤੇ ਜੇ.ਬੀ.ਆਰ. ਕੋਲੋਂ ਪਰਚੀ ਲੈ ਲੈਂਦੇ ਹਨ, ਜੋ ਕਿ ਹਾਨੀਕਾਰਕ ਹੈ ਕਿਉਂਕਿ ਇਹ ਪਾਣੀ ਐਸ.ਟੀ.ਪੀ. ਤੋਂ ਹੋ ਕੇ ਫ਼ਿਰ ਬੁੱਢੇ ਦਰਿਆ ਵਿੱਚ ਜਾਂਦਾ ਹੈ;

ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਜੇ.ਬੀ.ਆਰ. ਦਾ ਟੈਕਨੀਕਲ ਸ਼ੀਟ ਬਣਾ ਕੇ ਹੇਠ ਵਰਣਿਤ ਵੇਰਵੇ ਅਧੀਨ ਆਡਿਟ ਕਰਵਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਆਡਿਟ ਸਬੰਧੀ ਵੇਰਵਾ:-

1. ਉਹ ਕਿੰਨੀ ਮਾਤਰਾ ਵਿੱਚ ਪਾਣੀ ਕਿਹੜੇ-ਕਿਹੜੇ ਇੰਡਸਟਰੀਅਲ ਯੂਨਿਟ ਤੋਂ ਲਿਫ਼ਟ ਕਰਦਾ ਹੈ ਅਤੇ ਕਿੰਨੀ ਮਾਤਰਾ ਵਿੱਚ ਟਰੀਟ ਕਰਦਾ ਹੈ ; ਕਿੰਨੇ ਵਹੀਕਲ ਪਾਣੀ ਚੁੱਕਦੇ ਹਨ, ਉਨ੍ਹਾਂ ਦੀਆਂ ਲਾਗ ਬੁੱਕਾਂ;

2. ਟਰੀਟ ਹੋਇਆ ਪਾਣੀ ਕਿੱਥੇ ਜਾਂਦਾ ਹੈ ਅਤੇ ਟਰੀਟ ਕਰਨ ਤੋਂ ਬਾਅਦ ਵਾਲੀ ਗਾਰ ਦੀ ਮਾਤਰਾ ਅਤੇ ਡਿਸਪੋਜਲ;

3. ਸੀ.ਸੀ.ਟੀ.ਵੀ. ਫੁਟੇਜ;

4. ਪੀ.ਪੀ.ਸੀ.ਬੀ. ਨੇ ਹੁਣ ਤੱਕ ਹਲਕਾ ਦੱਖਣੀ ਵਿਚ ਕਿੰਨੇ ਅਣ-ਅਧਿਕਾਰਤ ਇਲੈਕਟ੍ਰੋਪਲੇਟਿੰਗ ਯੂਨਿਟ ਬੰਦ ਕਰਵਾਏ ਹਨ ਅਤੇ ਉਨਾਂ ਉਪਰ ਕੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ?

----

## ਮੋਬਾਈਲ ਨੈੱਟਵਰਕ ਕੰਪਨੀਆਂ ਨੂੰ ਕੇਬਲਾਂ ਵਿਛਾਉਣ ਸਬੰਧੀ ਹਦਾਇਤਾਂ ਜਾਰੀ ਕਰਨਾ

618 **ਸ੍ਰੀਮਤੀ ਰਾਜਿੰਦਰ ਪਾਲ ਕੌਰ (ਲੁਧਿਆਣਾ ਦੱਖਣੀ):**

**ਸਥਾਨਕ ਸਰਕਾਰਾਂ, ਉਦਯੋਗ ਤੇ ਵਣਜ, ਨਿਵੇਸ਼ ਪ੍ਰਮੋਸ਼ਨ ਵਿਭਾਗ, ਬਿਜਲੀ :-**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਇਹ ਠੀਕ ਹੈ ਕਿ ਹਲਕੇ ਲੁਧਿਆਣਾ ਦੱਖਣੀ ਵਿਖੇ ਅਕਸਰ ਇੱਕ ਦਿੱਕਤ ਆਉਂਦੀ ਹੈ ਕਿ ਜਦੋਂ ਮੋਬਾਈਲ ਨੈੱਟਵਰਕ ਕੰਪਨੀਆਂ ਕੇਬਲ ਵਿਛਾਉਣ ਲਈ ਡਰੀਲਿੰਗ ਕਰਦੀਆਂ ਹਨ, ਤਾਂ ਉਨ੍ਹਾਂ ਵੱਲੋਂ ਜ਼ਮੀਨ ਥੱਲੇ ਅਕਸਰ ਪਾਣੀ ਅਤੇ ਸੀਵਰੇਜ਼ ਦੀਆਂ ਵਿਛੀਆਂ ਹੋਈਆਂ ਲਾਈਨਾਂ ਦਾ ਨੁਕਸਾਨ ਕੀਤਾ ਜਾਂਦਾ ਹੈ; ਜਿਸ ਕਾਰਨ ਪੀਣ ਵਾਲੇ ਪਾਣੀ ਦੀ ਸਪਲਾਈ ਵਿੱਚ ਗੰਦਾ ਪਾਣੀ ਮਿਕਸ ਹੋ ਜਾਂਦਾ ਹੈ ਅਤੇ ਜ਼ਿਆਦਾਤਰ ਸੜਕਾਂ ਸੀਮੈਂਟਡ ਹੋਣ ਕਾਰਨ ਇਹ ਫਾਲਟ ਲੱਭਣਾ ਮੁਸ਼ਕਲ ਹੋ ਜਾਂਦਾ ਹੈ, ਜਿਸ ਨੂੰ ਲੱਭਣ ਲਈ ਸੜਕ ਤੋੜਨੀ ਪੈਂਦੀ ਹੈ ਅਤੇ ਇਸ ਨਾਲ ਨਗਰ ਨਿਗਮ ਦਾ ਮਾਲੀ ਨੁਕਸਾਨ ਹੁੰਦਾ ਹੈ ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਇਹ ਕੰਮ ਓਪਨ ਕਟਿੰਗ ਕਰਕੇ ਕਰਵਾਉਣ ਦੀ ਅਤੇ ਕੰਪਨੀ ਨੂੰ ਇਹ ਕੰਮ ਆਪਣੇ ਸਕੋਪ ਵਿੱਚ ਲੈਣ ਦੀ ਹਦਾਇਤ ਕਰਨ ਦੀ ਕੋਈ ਤਜਵੀਜ ਹੈ; ਜੇਕਰ ਹੈ ਤਾਂ ਉਸਦੇ ਵੇਰਵੇ ਕੀ ਹਨ;

ੲ) ਜਿਸ ਤਰ੍ਹਾਂ ਨਗਰ ਨਿਗਮ ਬਿਜਲੀ ਮਹਿਕਮੇ ਤੋਂ ਆਪਣੀਆਂ ਕੇਬਲਾਂ ਦੇ ਇਵਜ਼ ਵਿੱਚ ਮਿਉਂਸੀਪਲ ਸੈੱਸ ਵਸੂਲਦਾ ਹੈ , ਕੀ ਉਸੇ ਤਰ੍ਹਾਂ ਮੋਬਾਈਲ ਕੰਪਨੀਆਂ ਤੋਂ ਵੀ ਸਾਲਾਨਾ ਸੈੱਸ ਵਸੂਲਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ ਤਾਂ ਉਸਦੇ ਵੇਰਵੇ ਕੀ ਹਨ?

----

## ਹਲਕਾ ਜਲਾਲਾਬਾਦ ਵਿੱਚ ਸੇਮ ਦੀ ਸਮੱਸਿਆ ਨਾਲ ਨਜਿੱਠਣ ਲਈ ਤਜਵੀਜ

624 **ਸ਼੍ਰੀ ਜਗਦੀਪ ਕੰਬੋਜ਼ ਗੋਲਡੀ ( ਜਲਾਲਾਬਾਦ):**

**ਖਾਣਾਂ ਅਤੇ ਭੂ-ਵਿਗਿਆਨ, ਜਲ ਸਰੋਤ ,ਭੂਮੀ ਅਤੇ ਪਾਣੀ ਸੰਭਾਲ ਵਿਭਾਗ :**= ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2026-27 ਲਈ ਹਲਕਾ ਜਲਾਲਾਬਾਦ ਵਿੱਚ ਸੇਮ ਦੀ ਸਮੱਸਿਆ ਨਾਲ ਨਜਿੱਠਣ ਲਈ ਸਰਕਾਰ ਦੀ ਕੀ ਤਜਵੀਜ ਹੈ ਅਤੇ ਇਸ ਵਿੱਚ ਕਿਹੜੇ-ਕਿਹੜੇ ਪਿੰਡ ਸ਼ਾਮਿਲ ਕੀਤੇ ਜਾਣਗੇ; ਵੇਰਵੇ ਸਹਿਤ ਦੱਸਿਆ ਜਾਵੇ?

----

## E.W.S.ਘਰਾਂ ਦੀ ਉਸਾਰੀ ਲਈ ਰਾਖਵਾਂਕਰਨ ਕਰਨਾ

642 **ਸ਼੍ਰੀ ਨਰੇਸ਼ ਪੁਰੀ (ਸੁਜਾਨਪੁਰ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ,ਹਾਊਸਿੰਗ ਅਤੇ ਸ਼ਹਿਰੀ ਵਿਕਾਸ :-**

ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਜਿਲ੍ਹਾ ਮੋਹਾਲੀ ਵਿੱਚ E.W.S.ਘਰਾਂ ਦੀ ਉਸਾਰੀ ਲਈ ਗਮਾਡਾ ਕੋਲ ਕਿੰਨਾ ਪ੍ਰਤੀਸ਼ਤ ਰਕਬਾ E.W.S. ਸਕੀਮ ਅਧੀਨ ਰਾਖਵਾਂ ਬਣਦਾ ਹੈ ਅਤੇ ਕੁੱਲ ਕਿੰਨਾ ਰਕਬਾ ਗਮਾਡਾ ਕੋਲ E.W.S.ਅਧੀਨ ਮੌਜੂਦਾ ਸਮੇਂ ਰੱਖਿਆ ਹੋਇਆ ਹੈ;

**ਅ**) ਇਸ ਸਮੇਂ ਗਮਾਡਾ ਕੋਲ ਪ੍ਰਾਈਵੇਟ ਪ੍ਰਮੋਟਰਾਂ ਦੁਆਰਾ ਆਪਣੇ ਪ੍ਰੋਜੈਕਟਾਂ ਅਧੀਨ E.W.S. ਕੈਟਾਗਰੀ ਨੂੰ ਬਣਦੀ ਰਾਖਵੀਂ ਜਮੀਨ ਦੇ ਇਵਜ ਵਿੱਚ ਕਿੰਨੀ ਰਾਸ਼ੀ ਜਮ੍ਹਾ ਕਰਵਾਈ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

ਚੰਡੀਗੜ੍ਹ - 160001. ਰਾਮ ਲੋਕ ਖਟਾਣਾ,
10 ਮਾਰਚ 2026. ਸਕੱਤਰ